# ਭਾਰਤ ਦਾ ਸੰਵਿਧਾਨ

ਪ੍ਰਸਤਾਵਨਾ ।

ਅਸੀਂ, ਭਾਰਤ ਦੇ ਲੋਕ, ਭਾਰਤ ਨੂੰ ਇੱਕ [1][ਪ੍ਰਭੁਤਾਧਾਰੀ, ਸਮਾਜਵਾਦੀ, ਧਰਮ ਨਿਰਪੇਖ, ਲੋਕਤੰਤਰੀ ਗਣਰਾਜ] ਬਣਾਉਣ ਲਈ ਅਤੇ ਉਸ ਦੇ ਸਭ ਨਾਗਰਿਕਾਂ ਨੂੰ :

ਸਮਾਜਕ, ਆਰਥਕ ਅਤੇ ਰਾਜਨੀਤਕ ਨਿਆਂ ;

ਵਿਚਾਰ, ਪ੍ਰਗਟਾਉ, ਵਿਸ਼ਵਾਸ, ਧਰਮ ਅਤੇ ਉਪਾਸ਼ਨਾ ਦੀ ਸੁਤੰਤਰਤਾ;

ਪ੍ਰਤਿਸ਼ਠਾ ਅਤੇ ਅਵਸਰ ਦੀ ਸਮਤਾ ਪ੍ਰਾਪਤ ਕਰਾਉਣ ਲਈ ;

ਅਤੇ ਉਨ੍ਹਾਂ ਸਭਨਾਂ ਵਿਚਕਾਰ

ਵਿਅਕਤੀ ਦਾ ਗੌਰਵ ਅਤੇ [2][ਕੌਮ ਦੀ ਏਕਤਾ ਅਤੇ ਅਖੰਡਤਾ] ਸੁਨਿਸ਼ਚਿਤ ਕਰਨ ਵਾਲੀ ਭਰਾਤਰਤਾ ਵਧਾਉਣ ਲਈ ;

ਦ੍ਰਿੜ੍ਹਮਨ ਹੋ ਕੇ ਆਪਣੀ ਸੰਵਿਧਾਨ ਸਭਾ ਵਿੱਚ ਨਵੰਬਰ, 1949, ਦੇ ਛੱਬੀਵੇਂ ਦਿਨ, ਇਸ ਦੁਆਰਾ ਇਸ ਸੰਵਿਧਾਨ ਨੂੰ ਅੰਗੀਕਾਰ ਕਰਦੇ, ਐਕਟ ਬਣਾਉਂਦੇ ਅਤੇ ਆਪਣੇ ਆਪ ਨੂੰ ਅਰਪਦੇ ਹਾਂ ।

---

[1] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976, ਧਾਰਾ 2 ਦੁਆਰਾ (03.01.1977 ਤੋਂ ਪ੍ਰਭਾਵੀ) "ਪ੍ਰਭੁਤਾਧਾਰੀ ਲੋਕਤੰਤਰ ਗਣਰਾਜ" ਦੀ ਥਾਵੇਂ ਰੱਖੇ ਗਏ ।

[2] ਸੰਵਿਧਾਨ (ਬਿਆਲਵੀਂ ਸੋਧ) ਐਕਟ, 1976, ਧਾਰਾ 2 ਦੁਆਰਾ (03.01.1977 ਤੋਂ ਪ੍ਰਭਾਵੀ) "ਕੌਮ ਦੀ ਏਕਤਾ" ਦੀ ਥਾਵੇਂ ਰੱਖੇ ਗਏ ।